ਨਾਮ ਬਿਨਾਂ ਫੋਕਟ ਸਭ ਕਰਮਾ

(ਲੇਖਕ: ਡਾ: ਕਰਤਾਰ ਸਿੰਘ)

- ਕਰਮ ਧਰਮ ਕਰਿ ਮੁਕਤਿ ਮੰਗਾਹੀ॥ ਮੁਕਤਿ ਪਦਾਰਥੁ ਸਬਦਿ ਸਲਾਹੀ॥
ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥ (੧੦੨੪)

ਮਾਇਆ ਦੇ ਜੱਫੇ ਵਿੱਚੋਂ ਸੁਤੰਤਰ ਹੋਣ ਲਈ ਜਿਹੜੇ ਕਰਮ ਧਰਮ ਕਰਦੇ ਹਨ ਤੇ ਮੁਕਤੀ ਭਾਵ ਸੁਤੰਤਰਤਾ ਮੰਗਦੇ ਹਨ, ਉਨ੍ਹਾਂ ਨੂੰ ਮੁਕਤੀ ਇੰਨ੍ਹਾਂ ਸਾਧਨਾਂ ਨਾਲ ਨਹੀਂ ਪ੍ਰਾਪਤ ਹੋ ਸਕਦੀ। ਮੁਕਤੀ ਕੇਵਲ ਗੁਰਬਾਣੀ ਨਾਲ ਨਿਰੰਕਾਰ ਦੀ ਸਿਫ਼ਤ ਸਲਾਹ ਕਰਨ ਨਾਲ ਮਿਲਦੀ ਹੈ। ਜੋ ਬਿਨ੍ਹਾਂ ਗੁਰ-ਸ਼ਬਦ ਮੁਕਤੀ ਚਾਹੁੰਦੇ ਹਨ, ਉਹ ਪ੍ਰਪੰਚ ਕਰਕੇ ਭਰਮਾਂ ਵਿੱਚ ਪਏ ਹੋਏ ਹਨ। ਇਹ ਹੈ ਗੁਰਮਤਿ ਦਾ ਸਿਧਾਂਤ ਜੋ ਗੁਰੂ ਸਾਹਿਬ ਨੇ ਸਿੱਖ ਪ੍ਰਤੀ ਦਰਸਾਇਆ ਹੈ।

- ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ॥ (੧੩੪੩)

- ਨਾਮ ਬਿਨਾ ਨਹੀ ਛੁਟਸਿ ਨਾਨਕ ਸਾਚੀ ਤਰੁ ਤੂ ਤਾਰੀ॥ (੧੦੧੩)

- ਸਭਿ ਜਪ ਸਭਿ ਤਪ ਸਭ ਚਤੁਰਾਈ॥ ਉਝੜਿ ਭਰਮੈ ਰਾਹਿ ਨ ਪਾਈ॥
ਬਿਨੁ ਬੂਝੇ ਕੋ ਥਾਇ ਨ ਪਾਈ॥ ਨਾਮ ਬਿਹੂਣੈ ਮਾਥੇ ਛਾਈ॥ (੪੧੨)

- ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ॥ (੫੬੬)

- ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ॥ (੬੮੮)

- ਬਾਬਾ ਹੋਰ ਮਤਿ ਹੋਰ ਹੋਰ॥ ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ॥ (੧੭)

- ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰ ਸਭੁ ਪਾਖੰਡੁ ਪੂਜ ਖੁਆਰੁ॥ (੧੩੪੩)

- ਰਾਮ ਨਾਮੁ ਜਪਿ ਗੁਰਮੁਖਿ ਜੀਅੜੇ ਏਹੁ ਪਰਮ ਤਤੁ ਵੀਚਾਰਾ ਹੇ॥ (੧੦੩੦)

- ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ॥ (੪੩੬)

- ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ॥ (੯੧੦)

- ਹਠੁ ਨਿਗ੍ਰਹੁ ਕਰਿ ਕਾਇਆ ਛੀਜੈ॥ ਵਰਤੁ ਤਪਨੁ ਕਰਿ ਮਨੁ ਨਹੀ ਭੀਜੈ॥ (੯੦੫)

- ਹਰਿ ਬਿਨੁ ਅਵਰ ਕ੍ਰਿਆ ਬਿਰਥੇ॥ ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ॥ (੨੧੬)

- ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥

ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ਰਹਾਉ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥
ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥
ਤੇਰੋ ਸੇਵਕੁ ਇਹ ਰੰਗਿ ਮਾਤਾ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥ਰਹਾਉ ਦੂਜਾ॥ (੬੪੧)

ਸਵਾਲ ਪੈਦਾ ਹੁੰਦਾ ਹੈ ਕਿ ਇੰਨ੍ਹੇ ਫੋਕਟ ਕਰਮਾਂ ਤੋਂ ਬਾਅਦ ਸ਼੍ਰੋਮਣੀ ਕਰਮ ਕਿਹੜਾ ਹੈ ਤਾਂ ਉੱਤਰ ਵਿੱਚ ਹਜ਼ੂਰ ਫੁਰਮਾਉਂਦੇ ਹਨ ਕਿ ਹਰੀ ਦਾ ਜਸ ਸਾਧ ਸੰਗਤਿ ਵਿੱਚ ਕਰਨਾ, ਸਿਰਮੌਰ ਕਰਮ ਹੈ। ਪਰ ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਉਸ ਨੂੰ ਪ੍ਰਾਪਤ ਹੁੰਦਾ ਹੈ, ਜਿਸ ਨੇ ਪੂਰਬਲੇ ਕਰਮ ਚੰਗੇ ਕੀਤੇ ਹੁੰਦੇ ਹਨ। ਇਹੋ ਜਿਹਾ ਸੇਵਕ, ਇਸ ਹਰਿ ਕੀਰਤਿ ਦੀ ਰੰਗਨ ਵਿੱਚ ਰੰਗਿਆ ਹੋਇਆ ਮਸਤ ਰਹਿੰਦਾ ਹੈ। ਪ੍ਰਭੂ ਦੀਨ ਦੁਖ ਭੰਜਨ ਦੀ ਮਿਹਰ ਉਸ ਤੇ ਹੋ ਜਾਂਦੀ ਹੈ ਤੇ ਹਰੀ ਕੀਰਤਨ ਵਿੱਚ ਉਸ ਦਾ ਮਨ ਰਤਾ ਰਹਿੰਦਾ ਹੈ। ਸੁਖਮਨੀ ਸਾਹਿਬ ਵਿੱਚ ਫੁਰਮਾਨ ਹੈ:-

- ਜਾਪ ਤਾਪ ਗਿਆਨ ਸਭਿ ਧਿਆਨ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥
ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥ (੨੬੫)

ਗੱਲ ਸਪੱਸ਼ਟ ਹੋਈ ਕਿ ਨਾਮ ਤੋਂ ਬਿਨਾਂ ਜੋਗ, ਅਭਿਆਸ, ਸਿੱਧਾਂ ਦੇ ਚਉਰਾਸੀਹ ਆਸਣ, ਹਠ, ਨਿਗ੍ਰਹਿ, ਵਰਤ, ਜਪ, ਤਪ, ਗਿਆਨ, ਧਿਆਨ, ਛੇ ਸ਼ਾਸਤ੍ਰਾਂ ਦੇ ਦ੍ਰਿੜਾਏ ਕਰਮ, ਗ੍ਰਹਿਸਤ ਤਿਆਗ ਕੇ ਜੰਗਲਾਂ ਵਿੱਚ ਨੰਗੇ ਭਉਣਾ, ਪੁੰਨ-ਦਾਨ, ਤੀਰਥ ਇਸ਼ਨਾਨ, ਪਾਠ ਪੜ੍ਹਨ, ਭੂਸ਼ਨਾਂ ਨਾਲ ਲੱਦੀਆਂ ਹੋਈਆਂ ਇਸਤ੍ਰੀਆਂ ਗ੍ਰਹਿਣਾਂ ਸਮੇਂ ਅਰਪਣੀਆਂ, ਅੰਨ ਬਸਤ੍ਰ, ਭੂਮ ਦਾਨ ਦੇਣੇ, ਮੋਨਧਾਰੀ ਹੋਣਾਂ, ਇਹ ਸਾਰੇ ਫੋਕਟ ਕਰਮ ਫਜੂਲ ਹਨ। ਜੇ ਗੁਰਮਤਿ ਇੰਨ੍ਹਾਂ ਦਾ ਇੱਕ ਕੌਡੀ ਮੁੱਲ ਨਹੀਂ ਪਾ ਰਹੀ, ਇਨ੍ਹਾਂ ਕਰਮਾਂ ਦੇ ਕਰਨ ਲਈ ਔਖਾ ਹੋਣਾ, ਸਮਾਂ ਤੇ ਸ਼ਕਤੀ ਗਵਾਉਣੀ ਇਹ ਕਿੱਥੋਂ ਦੀ ਅਕਲਮੰਦੀ ਹੈ?

ਕਿਉਂ ਨਾ ਸ੍ਰੇਸ਼ਟ "ਨਾਮ ਸਿਮਰਨ" ਕਰੀਏ? ਜਿਸ ਨਾਲ ਸਚ ਤੇ ਖੇੜਾ ਪ੍ਰਾਪਤ ਹੋਵੇ। ਸਰਬ ਧਰਮਾਂ ਨਾਲੋਂ ਸ੍ਰੇਸ਼ਟ ਧਰਮ ਜੋ ਗੁਰਮਤਿ ਫੁਰਮਾਉਂਦੀ ਹੈ, ਇਹ ਹੈ:

– ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (੨੬੬)

ਉਹ ਸੱਜਣ ਧਿਆਨ ਦੇਣ ਜੋ ਇੰਨ੍ਹਾਂ ਖੰਡਿਤ ਚੀਜ਼ਾਂ ਦਾ ਪ੍ਰਚਾਰ ਕਰ ਰਹੇ ਹਨ। ਇੱਕ ਗਿਣਤੀ ਮਿਣਤੀ ਵਿੱਚ ਕਿਸੇ ਸ਼ਬਦ ਦਾ ਪਾਠ ਕਰਨ ਦਾ ਕੀ ਲਾਭ ਹੈ? ਜਦ ਤਾਂਈਂ ਉਸ ਦੇ ਅਰਥ ਭਾਵ ਨੂੰ ਨਾ ਵੀਚਾਰੀਏ ਤੇ ਜੀਵਨ ਵਿੱਚ ਨਾ ਘਟਾਈਏ? ਆਸਾ ਦੀ ਵਾਰ ਵਿੱਚ ਹਰ ਰੋਜ਼ ਸੁਣਦੇ ਹਾਂ:

– ਅੰਨੁ ਨ ਖਾਇਆ ਸਾਦੁ ਗਵਾਇਆ॥ ਬਹੁ ਦੁਖੁ ਪਾਇਆ ਦੂਜਾ ਭਾਇਆ॥
ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥ ਮੋਨਿ ਵਿਗੂਤਾ॥ ਕਿਉ ਜਾਗੈ ਗੁਰ ਬਿਨੁ ਸੂਤਾ॥
ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥ ਅਲੁ ਮਲੁ ਖਾਈ ਸਿਰਿ ਛਾਈ ਪਾਈ॥
ਮੂਰਖਿ ਅੰਧੈ ਪਤਿ ਗਵਾਈ॥ ਵਿਣੁ ਨਾਵੈ ਕਿਛੁ ਥਾਇ ਨ ਪਾਈ॥ ਰਹੈ ਬੇਬਾਣੀ ਮੜੀ ਮਸਾਣੀ॥
ਅੰਧੁ ਨ ਜਾਣੈ ਫਿਰਿ ਪਛੁਤਾਣੀ॥ ਸਤਿਗੁਰੁ ਭੇਟੇ ਸੋ ਸੁਖੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥ (੪੬੭)

– ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥ (੯੭੩)

ਜਿਸ ਮਨੁੱਖ ਦੀ ਬਿਰਤੀ ਅੰਨ੍ਹ ਛੱਡ ਕੇ ਪਾਖੰਡ ਕਰਦੀ ਹੈ, ਉਹ ਬਿਰਤੀ ਨਾ ਸੁਹਾਗਣ ਹੈ ਤੇ ਨਾ ਰੰਡੀ ਹੈ। ਅੱਧ ਵਿਚਕਾਰ ਖੱਜਲ ਖੁਆਰ ਹੋ ਰਹੀ ਹੈ। ਜਿਹੜਾ ਕੱਪੜੇ ਨਹੀਂ ਪਾਉਂਦਾ, ਗਰਮੀਆਂ ਦੀ ਤਪਸ਼ ਤੇ ਸਿਆਲਾਂ ਦੀ ਠੰਡ ਨਾਲ ਦੁੱਖੀ ਹੁੰਦਾ ਹੈ। ਮੋਨ ਧਾਰਨ ਵਾਲਾ ਵੀ ਖੁਆਰ ਹੁੰਦਾ ਹੈ। ਭੁਲੇਖੇ ਵਿੱਚ ਸੁੱਤਾ ਹੋਇਆ ਪੂਰੇ ਗੁਰੂ ਤੋਂ ਬਿਨਾਂ ਕਿਵੇਂ ਜਾਗੇ? ਜਿਹੜਾ ਜੁੱਤੀ ਨਹੀਂ ਫਾਉਂਦਾ, ਨੰਗੇ ਪੈਰੀਂ ਭਰਮਦਾ ਹੈ, ਉਹ ਰਾਤ-ਦਿਨ ਕਸ਼ਟ ਸਹਾਰਦਾ ਹੈ ਤੇ ਆਪਣੀ ਹੀ ਕਰਣੀ ਦਾ ਫਲ ਭੁਗਤਦਾ ਹੈ। ਜਿਹੜੇ ਗੰਦੀ-ਮੰਦੀ ਵਸਤਾਂ ਦਾ ਸੇਵਨ ਕਰਦੇ ਹਨ, ਉਨ੍ਹਾਂ ਆਪਣੇ ਸਿਰ ਤੇ ਛਾਈ ਪਾਉਣ ਵਾਲਿਆਂ ਨੇ ਆਪਣੀ ਹੀ ਪੱਤ ਗਵਾ ਲਈ ਹੈ। ਜੋ ਜੰਗਲ ਬੀਆਬਾਨਾਂ, ਮੜ੍ਹੀ ਮਸਾਣਾਂ ਵਿੱਚ ਰਹਿੰਦੇ ਹਨ, ਉਹ ਅੰਨ੍ਹੇ ਹਨ, ਨਹੀਂ ਜਾਣਦੇ, ਇਨ੍ਹਾਂ ਕਰਮਾਂ ਨਾਲ ਸੁੱਖ ਨਹੀਂ ਲੱਭਦਾ। ਜਦੋਂ ਕੁੱਝ ਲੱਭਦਾ ਨਹੀਂ ਤਾਂ ਉਹ ਪਛਤਾਉਂਦੇ ਹਨ।

ਪੂਰਨ ਸਤਿਗੁਰੂ ਦਾ ਮਿਲਾਪ ਹੋਵੇ ਤਾਂ ਉਹ ਨਾਮ ਸਿਮਰਨ ਦ੍ਰਿੜ੍ਹ ਕਰਾਉਂਦਾ ਹੈ ਜਿਸ ਨਾਮ ਨਾਲ ਸੱਚ ਦਾ ਸੁੱਖ ਪ੍ਰਾਪਤ ਹੁੰਦਾ ਹੈ। ਬਿਨਾਂ ਨਾਮ ਦੇ ਜਿਹੜੇ ਕਰਮ ਹਨ, ਉਹ ਸੁੱਖ ਨਹੀਂ ਦੇ ਸਕਦੇ। ਸਦਾ ਦੀ ਸ਼ਾਂਤੀ ਨਾਮ ਦੁਆਰਾ ਪ੍ਰਾਪਤ ਹੁੰਦੀ ਹੈ। ਗੁਰੂ ਫੁਰਮਾਨ ਹੈ:

– ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਨੁ॥ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ॥

ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥

ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ॥ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ॥ (੪੬੭)